# ਸ਼ੋਰਟ ਬਰੇਕ ਦਾ ਇੰਤਜ਼ਾਮ ਕਰਨਾ: ਇਕ ਕੇਅਰਰ ਵਜੋਂ ਤੁਹਾਨੂੰ ਕੀ ਜਾਣਨ ਦੀ ਜ਼ਰੂਰਤ ਹੈ

## ਕੇਅਰਰ ਕੌਣ ਹੁੰਦਾ ਹੈ?

ਕੇਅਰਰ ਉਹ ਹੁੰਦਾ ਹੈ ਜੋ ਕਿਸੇ ਦੋਸਤ, ਪਰਿਵਾਰ ਦੇ ਮੈਂਬਰ, ਗੁਆਂਢੀ ਜਾਂ ਆਪਣੇ ਕਿਸੇ ਪ੍ਰਿਯਜਨ ਨੂੰ ਬਗੈਰ ਪੈਸੇ ਦੇ ਸਪੋਰਟ ਦਿੰਦਾ ਹੈ ਜੋ ਕਿ ਬਗੈਰ ਸਹਾਇਤਾ ਦੇ ਰੋਜ਼ਾਨਾ ਦੀ ਜ਼ਿੰਦਗੀ ਨਹੀਂ ਜੀ ਸਕਦਾ। ਇਹ ਉਮਰ, ਬੀਮਾਰੀ, ਅਪਾਹਜਤਾ, ਮਾਨਸਿਕ ਸਿਹਤ ਦੀਆਂ ਜ਼ਰੂਰਤਾਂ, ਨਸ਼ੀਲੀਆਂ ਦਵਾਈਆਂ ਦੇ ਇਸਤੇਮਾਲ ਜਾਂ ਦੂਸਰੇ ਹਾਲਾਤ ਕਾਰਨ ਹੋ ਸਕਦਾ ਹੈ। ਕੇਅਰਰ ਲੋਕਾਂ ਨੂੰ ਉਹਨਾਂ ਦੀ ਪਸੰਦ ਦੀ ਜ਼ਿੰਦਗੀ ਜਿਉਣ ਵਿੱਚ ਸਹਾਇਤਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

## ਇਕ ਸ਼ੋਰਟ ਬਰੇਕ ਕੀ ਹੈ?

ਸ਼ੋਰਟ ਬਰੇਕ ਸਪੋਰਟ ਦਾ ਇਕ ਯੋਜਨਾਬੱਧ ਕੀਤਾ ਹੋਇਆ ਸਮਾਂ ਹੁੰਦਾ ਹੈ ਜੋ ਕਿ ਤੁਹਾਨੂੰ ਇਕ ਅਨਪੇਡ ਕੇਅਰਰ ਦੇ ਤੌਰ 'ਤੇ ਆਪਣੀ ਦੇਖਭਾਲ ਦੀ ਭੂਮਿਕਾ ਵਿੱਚੋਂ ਕੁਝ ਸਮਾਂ ਕੱਢਣ ਵਿੱਚ ਮੱਦਦ ਕਰਦਾ ਹੈ। ਇਹ ਤੁਹਾਨੂੰ ਆਰਾਮ ਕਰਨ ਅਤੇ ਰੀਚਾਰਜ ਹੋਣ, ਆਪਣੀ ਸਿਹਤ ਬਣਾਈ ਰੱਖਣ ਅਤੇ ਦੇਖਭਾਲ ਜਾਰੀ ਰੱਖਣ ਦਾ ਮੌਕਾ ਦਿੰਦਾ ਹੈ।

ਸ਼ੋਰਟ ਬਰੇਕ ਉਦੋਂ ਮਿਲਦੇ ਹਨ ਜਦੋਂ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ ਉਹ ਕੌਂਸਲ ਤੋਂ ਸਪੋਰਟ ਲਈ ਯੋਗ ਹੋਵੇ ਅਤੇ ਤੁਹਾਨੂੰ ਆਪਣੀਆਂ ਦੇਖਭਾਲ ਦੀਆਂ ਜ਼ਿੰਮੇਦਾਰੀਆਂ ਤੋਂ ਕੁਝ ਸਮਾਂ ਦੂਰ ਰਹਿਣ ਦੀ ਲੋੜ ਹੋਵੇ। ਤੁਹਾਡੀ ਬਰੇਕ ਦੇ ਦੌਰਾਨ, ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ ਉਸ ਨੂੰ ਉਸ ਦੀਆਂ ਤੈਅ ਜ਼ਰੂਰਤਾਂ ਅਤੇ ਨਤੀਜਿਆਂ ਦੇ ਹਿਸਾਬ ਨਾਲ ਦੇਖਭਾਲ ਅਤੇ ਸਪੋਰਟ ਮਿਲਦੀ ਰਹੇਗੀ।

## ਕੀ ਤੁਸੀਂ ਜਿਸ ਵਿਅਕਤੀ ਦੀ ਦੇਖਭਾਲ ਕਰਦੇ ਹੋ, ਉਸ ਨੂੰ ਸ਼ੋਰਟ ਬਰੇਕ ਸਪੋਰਟ ਮਿਲ ਸਕਦੀ ਹੈ?

ਸ਼ੋਰਟ ਬਰੇਕ ਦਾ ਪ੍ਰਬੰਧ ਉਦੋਂ ਕੀਤਾ ਜਾ ਸਕਦਾ ਹੈ ਜਦੋਂ ਕੋਈ ਵਿਅਕਤੀ Lancashire County Council ਤੋਂ ਸਪੋਰਟ ਲਈ ਯੋਗ ਹੋਵੇ ਅਤੇ ਇਹ ਮੰਨਿਆ ਜਾਵੇ ਕਿ ਉਸ ਦੇ ਕੇਅਰਰ ਨੂੰ ਉਸ ਦੀ ਕੇਅਰਿੰਗ ਦੀ ਭੂਮਿਕਾ ਤੋਂ ਕੁਝ ਸਮਾਂ ਦੂਰ

ਰਹਿਣ ਨਾਲ ਫਾਇਦਾ ਹੋਵੇਗਾ। ਤੁਸੀਂ ਜਿਸ ਵਿਅਕਤੀ ਦੀ ਦੇਖਭਾਲ ਕਰਦੇ ਹੋ, ਉਸ ਦੀਆਂ ਜ਼ਰੂਰਤਾਂ ਨੂੰ ਸਮਝਣ ਅਤੇ ਸਭ ਤੋਂ ਵਧੀਆ ਸਪੋਰਟ ਵਿਕਲਪ ਪਛਾਣਨ ਲਈ ਸ਼ੋਸ਼ਲ ਕੇਅਰ ਅਸੈਸਮੈਂਟ ਦੀ ਲੋੜ ਹੋਵੇਗੀ। ਜੇਕਰ ਸ਼ੋਰਟ ਬਰੇਕਸ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਤਾਂ ਤੁਸੀਂ ਇਸ ਬਾਰੇ ਗੱਲਬਾਤ ਵਿੱਚ ਸ਼ਾਮਲ ਹੋਵੋਗੇ ਕਿ ਬਰੇਕ ਕਿਵੇਂ ਕੰਮ ਕਰੇਗੀ। ਤੈਅ ਰਕਮ 12 ਮਹੀਨੇ ਦੇ ਸਾਲਾਨਾ ਬਜਟ ਦੇ ਤੌਰ 'ਤੇ ਸੈੱਟ ਕੀਤੀ ਜਾਂਦੀ ਹੈ ਅਤੇ ਤੁਸੀਂ ਚੁਣ ਸਕਦੇ ਹੋ ਕਿ ਸ਼ਾਰਟ ਬਰੇਕ ਸਪੋਰਟ ਤੁਹਾਡੀ ਜ਼ਿੰਦਗੀ ਵਿੱਚ ਸਭ ਤੋਂ ਵਧੀਆ ਕਿਵੇਂ ਫਿੱਟ ਹੋਵੇਗੀ। ਇਹ ਵੇਰਵੇ ਵਿਅਕਤੀ ਦੀ ਦੇਖਭਾਲ ਅਤੇ ਸਪੋਰਟ ਯੋਜਨਾ ਵਿੱਚ ਸ਼ਾਮਲ ਹੋਣਗੇ ਤਾਂ ਜੋ ਕਿ ਇਹ ਦਿਖੇ ਕਿ ਉਹਨਾਂ ਲਈ ਸਭ ਤੋਂ ਜ਼ਿਆਦਾ ਕੀ ਮਾਇਨੇ ਰੱਖਦਾ ਹੈ।

## ਸ਼ੋਰਟ ਬਰੇਕ ਸਪੋਰਟ ਕਿੱਥੇ ਮਿਲ ਸਕਦੀ ਹੈ?

ਸ਼ੋਰਟ ਬਰੇਕਸ ਲਚੀਲੀਆਂ ਹੁੰਦੀਆਂ ਹਨ, ਉਹਨਾਂ ਵਿੱਚ ਦਿਨ, ਸ਼ਾਮ, ਰਾਤ ਭਰ ਜਾਂ ਵੀਕੈਂਡ ਸਪੋਰਟ ਸ਼ਾਮਲ ਹੋ ਸਕਦੀ ਹੈ ਅਤੇ ਉਹ ਆਪਣੇ ਘਰ, ਕਿਸੇ ਮਨਜ਼ੂਰਸ਼ੁਦਾ ਕੇਅਰਰ ਦੇ ਘਰ ਕਮਿਊਨਿਟੀ ਸੈਟਿੰਗ ਜਾਂ ਰਿਹਾਇਸ਼ੀ ਜਾਂ ਨਰਸਿੰਗ ਹੋਮ ਵਿੱਚ ਹੋ ਸਕਦੀਆਂ ਹਨ।

ਹੋ ਸਕਦਾ ਹੈ ਕਿ ਸ਼ੋਰਟ ਬਰੇਕ ਤੁਹਾਡੀ ਦਿੱਤੀ ਗਈ ਖਾਸ ਸਪੋਰਟ ਵਰਗੀ ਨਾ ਹੋਵੇ ਪਰ ਇਸ ਨੂੰ ਵਿਅਕਤੀ ਦੀ ਦੇਖਭਾਲ ਅਤੇ ਸਪੋਰਟ ਦੀਆਂ ਲੋੜਾਂ ਨੂੰ ਪੂਰਾ ਕਰਨਾ ਚਾਹੀਦਾ ਹੈ ਅਤੇ ਉਹਨਾਂ ਨਤੀਜਿਆਂ ਨੂੰ ਪਾਉਣ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਜੋ ਕਿ ਉਹਨਾਂ ਲਈ ਜ਼ਰੂਰੀ ਹਨ।

## ਮੈਂ ਸ਼ੋਰਟ ਬਰੇਕ ਸਪੋਰਟ ਦਾ ਇੰਤਜ਼ਾਮ ਕਿਵੇਂ ਕਰ ਸਕਦਾ ਹਾਂ?

ਸ਼ੋਰਟ ਬਰੇਕ ਦਾ ਇੰਤਜ਼ਾਮ ਤਿੰਨ ਅਲੱਗ-ਅਲੱਗ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ:

### ਸ਼ੋਰਟ ਬਰੇਕਸ ਲਈ ਸਿੱਧੀ ਅਦਾਇਗੀ

ਜੇਕਰ ਤੁਸੀਂ ਇਸ ਵਿਕਲਪ ਦੀ ਚੋਣ ਕਰਦੇ ਹੋ, ਤਾਂ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ-ਜਾਂ ਉਹਨਾਂ ਦੇ ਨੁਮਾਇੰਦੇ- ਨੂੰ ਕੌਂਸਲ ਤੋਂ ਉਹਨਾਂ ਦੀ ਦੇਖਭਾਲ ਅਤੇ ਸਪੋਰਟ ਯੋਜਨਾ ਦੇ ਹਿਸਾਬ ਨਾਲ ਖਰਚ ਕਰਨ ਲਈ ਕੁਝ ਪੈਸੇ ਮਿਲਣਗੇ। ਇਸ ਦਾ ਮਤਲਬ ਇਹ ਹੈ ਕਿ ਤੁਸੀਂ ਆਪਣੀ ਕੇਅਰਰ ਦੀ ਭੂਮਿਕਾ ਤੋਂ ਬਰੇਕ ਲੈ ਸਕਦੇ ਹੋ ਅਤੇ ਇਹ ਸੁਨਿਸ਼ਚਿਤ ਕਰ ਸਕਦੇ ਹੋ ਕਿ ਵਿਅਕਤੀ ਦੀਆਂ ਜ਼ਰੂਰਤਾਂ ਸੁਰੱਖਿਅਤ ਅਤੇ ਕਾਨੂੰਨੀ ਤੌਰ 'ਤੇ ਪੂਰੀਆਂ ਹੋਣ।

ਸਿੱਧੀ ਅਦਾਇਗੀ ਤੁਹਾਨੂੰ ਇਹ ਲਚੀਲਾਪਣ ਅਤੇ ਕੰਟਰੋਲ ਦਿੰਦੀ ਹੈ ਕਿ ਸ਼ੋਰਟ ਬਰੇਕ ਸਪੋਰਟ ਕਦੋਂ ਅਤੇ ਕਿਵੇਂ ਦਿੱਤੀ ਜਾਵੇ। ਉਦਾਹਰਨ ਲਈ, ਪੈਸੇ ਦਾ ਇਸਤੇਮਾਲ ਇਹਨਾਂ ਕੰਮਾਂ ਲਈ ਕੀਤਾ ਜਾ ਸਕਦਾ ਹੈ:

- ਕਿਸੇ ਰਿਹਾਇਸ਼ੀ ਕੇਅਰ ਹੋਮ ਵਿੱਚ ਥੋੜੇ ਸਮੇਂ ਲਈ ਰਹਿਣ ਦਾ ਇੰਤਜ਼ਾਮ ਕਰਨਾ।
- ਘਰ ਵਿੱਚ ਸਪੋਰਟ ਦੇਣ ਲਈ ਕੇਅਰ ਏਜੰਸੀ ਨੂੰ ਅਦਾਇਗੀ ਕਰਨਾ।
- ਦੇਖਭਾਲ ਵਿੱਚ ਸਹਾਇਤਾ ਕਰਨ ਲਈ ਇਕ ਨਿੱਜੀ ਸਹਾਇਕ ਦੀ ਨਿਯੁਕਤੀ ਕਰਨਾ।

ਹਾਲਾਂਕਿ ਇਹ ਵਿਕਲਪ ਚੁਆਇਸ ਦਿੰਦਾ ਹੈ, ਪਰ ਇਸ ਦੇ ਨਾਲ ਕੁਝ ਜ਼ਿੰਮੇਦਾਰੀਆਂ ਵੀ ਆਉਂਦੀਆਂ ਹਨ।

- ਜੇਕਰ ਤੁਸੀਂ ਨਿੱਜੀ ਸਹਾਇਕ ਰੱਖਦੇ ਹੋ ਤਾਂ ਰੋਜ਼ਗਾਰਦਾਤਾ ਦੇ ਤੌਰ 'ਤੇ ਕੰਮ ਕਰਨਾ।
- ਤਨਖਾਹ ਦੇਣਾ ਅਤੇ ਰਿਕਾਰਡ ਰੱਖਣਾ।
- ਸ਼ੋਰਟ ਬਰੇਕ ਲਈ ਜ਼ਰੂਰੀ ਦੇਖਭਾਲ ਦਾ ਇੰਤਜ਼ਾਮ ਕਰਨਾ।

ਜਿਹਨਾਂ ਲੋਕਾਂ ਨੂੰ ਸਿੱਧੀ ਅਦਾਇਗੀ ਦੀ ਵਿੱਤੀ ਸਾਈਡ ਦਾ ਪ੍ਰਬੰਧਨ ਕਰਨ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ, ਉਹਨਾਂ ਲਈ ਅਜਿਹੀ ਸਰਵਿਸ ਹੈ ਜੋ ਕਿ ਸਹਾਇਤਾ ਕਰ ਸਕਦੀ ਹੈ। ਤੁਹਾਡਾ ਸਾਮਾਜਿਕ ਦੇਖਭਾਲ ਕਾਰਜਕਰਤਾ ਇਸ ਪ੍ਰਕਿਰਿਆ ਵਿੱਚ ਤੁਹਾਡਾ ਮਾਰਗ-ਦਰਸ਼ਨ ਕਰੇਗਾ ਅਤੇ ਸਮਝਾਏਗਾ ਕਿ ਇਸ ਵਿੱਚ ਕੀ-ਕੀ ਸ਼ਾਮਲ ਹੈ? Lancashire Independent Living Service ਸਿੱਧੀ ਅਦਾਇਗੀ ਨੂੰ ਸੈੱਟ-ਅੱਪ ਕਰਨ ਅਤੇ ਪ੍ਰਬੰਧਨ ਕਰਨ ਵਿੱਚ ਪ੍ਰੈਕਟੀਕਲ ਸਹਾਇਤਾ ਦੇ ਸਕਦੀ ਹੈ ਜਿਸ ਵਿੱਚ ਕਿ ਸਪੋਰਟਡ ਬੈਂਕਿੰਗ ਸਰਵਿਸ ਦਾ ਵਿਕਲਪ ਵੀ ਸ਼ਾਮਲ ਹੈ। ਇਸ ਦਾ ਮਤਲਬ ਇਹ ਹੈ ਕਿ ਕੋਈ ਥਰਡ ਪਾਰਟੀ ਸੰਗਠਨ ਫੰਡ ਲਈ ਤੁਹਾਡਾ ਧਿਆਨ ਰੱਖਦਾ ਹੈ ਅਤੇ ਤੁਹਾਡੇ ਨਿਰਦੇਸ਼ਾਂ ਦੇ ਆਧਾਰ 'ਤੇ ਦੇਖਭਾਲ ਪ੍ਰਦਾਤਾਵਾਂ ਨੂੰ ਅਦਾਇਗੀ ਕਰਦਾ ਹੈ। ਇਸ ਸਰਵਿਸ ਲਈ ਚਾਰਜ ਲਗਦਾ ਹੈ ਅਤੇ Lancashire Independent Living Service ਤੁਹਾਡੇ ਨਾਲ ਇਸ ਵਿਕਲਪ 'ਤੇ ਗੱਲ ਕਰ ਸਕਦੀ ਹੈ।

## *ਰੋਲਿੰਗ ਸ਼ੋਰਟ ਬਰੇਕਸ*

ਰੋਲਿੰਗ ਸ਼ੋਰਟ ਬਰੇਕਸ ਤੁਹਾਨੂੰ ਅਤੇ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਨੂੰ ਇਹ ਲਚੀਲਾਪਣ ਅਤੇ ਚੁਆਇਸ ਦਿੰਦੀ ਹੈ ਕਿ ਸਪੋਰਟ ਕਦੋਂ ਅਤੇ ਕਿਵੇਂ ਪ੍ਰਬੰਧਿਤ ਕੀਤੀ ਜਾਵੇ।
ਸ਼ੋਸ਼ਲ ਕੇਅਰ ਅਸੈਸਮੈਂਟ ਦੇ ਸਮੇਂ:

- ਹੋ ਸਕਦਾ ਹੈ ਕਿ ਤੁਹਾਡਾ ਜਾਂ ਜਿਸ ਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਦਾ ਪਹਿਲਾਂ ਤੋਂ ਹੀ ਕੋਈ ਪਸੰਦੀਦਾ ਦੇਖਭਾਲ ਪ੍ਰਦਾਤਾ ਹੋਵੇ।

- ਜੇਕਰ ਨਹੀਂ, ਤਾਂ Lancashire County Council ਤੁਹਾਡੀਆਂ ਜ਼ਰੂਰਤਾਂ ਅਤੇ ਪਸੰਦ ਨੂੰ ਪੂਰਾ ਕਰਨ ਵਾਲਾ ਕੋਈ ਪ੍ਰਦਾਤਾ ਲੱਭਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ।

ਰੋਲਿੰਗ ਸ਼ੋਰਟ ਬਰੇਕ ਵਿੱਚ ਇਹ ਸ਼ਾਮਲ ਹੋ ਸਕਦੇ ਹਨ।

- ਕੇਅਰ ਹੋਮ ਸਟੇਅ
- ਹੋਮ ਕੇਅਰ
- ਡੇ ਟਾਈਮ ਸਪੋਰਟ (ਦਿਨ ਦੇ ਸਮੇਂ ਦੇਖਭਾਲ)
- ਜਾਂ ਫਿਰ ਇਹਨਾਂ ਦਾ ਮਿਸ਼ਰਣ, ਜੋ ਕਿ ਇਸ 'ਤੇ ਨਿਰਭਰ ਕਰਦਾ ਹੈ ਤੁਸੀਂ ਅਤੇ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹਨ, ਲਈ ਸਭ ਤੋਂ ਵਧੀਆ ਕੀ ਹੈ।

ਇਕ ਵਾਰ ਜਦੋਂ ਕੋਈ ਪ੍ਰਦਾਤਾ ਮੰਨ ਜਾਂਦਾ ਹੈ, ਤਾਂ ਉਸ ਦੇ ਵੇਰਵੇ ਕੇਅਰ ਅਤੇ ਸਪੋਰਟ ਯੋਜਨਾ ਵਿੱਚ ਸ਼ਾਮਲ ਕਰ ਦਿੱਤੇ ਜਾਣਗੇ। ਫਿਰ ਤੁਸੀਂ ਜਾਂ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਹ ਪੂਰਾ ਸਾਲ ਤੁਹਾਡੇ ਲਈ ਸਭ ਤੋਂ ਵਧੀਆ ਸ਼ੋਰਟ ਬਰੇਕ ਸਪੋਰਟ ਟਾਈਮ ਦਾ ਇੰਤਜ਼ਾਮ ਕਰਨ ਲਈ ਸਿੱਧਾ ਪ੍ਰਦਾਤਾ ਨਾਲ ਸੰਪਰਕ ਕਰ ਸਕਦੇ ਹਨ।

ਜੇਕਰ ਤੁਹਾਡਾ ਚੁਣਿਆ ਹੋਇਆ ਪ੍ਰਦਾਤਾ ਤੁਹਾਡੀ ਬੇਨਤੀ ਕੀਤੀਆਂ ਗਈਆਂ ਤਾਰੀਖਾਂ ਨੂੰ ਪੂਰਾ ਨਹੀਂ ਕਰ ਪਾਉਂਦਾ ਹੈ, ਤਾਂ Lancashire County Council ਤੁਹਾਨੂੰ ਜਾਂ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਨੂੰ ਦੂਸਰਾ ਪ੍ਰਦਾਤਾ ਲੱਭਣ ਵਿੱਚ ਸਹਾਇਤਾ ਕਰ ਸਕਦੀ ਹੈ ਤਾਂ ਜੋ ਕਿ ਤੁਹਾਡੀ ਬਰੇਕ ਫਿਰ ਵੀ ਚਲਦੀ ਰਹੇ।

* Lancashire County Council ਦੀ ਡੇ ਟਾਈਮ ਸਪੋਰਟ(ਦਿਨ ਦੀ ਦੇਖਭਾਲ), ਸ਼ੇਅਰਡ ਲਾਈਵਜ਼ ਸਕੀਮ ਜਾਂ ਬਾਲਗ ਅਪਾਹਜਤਾ ਸੇਵਾ (ਲਰਨਿੰਗ ਡਿਸਐਬਿਲਿਟੀ ਐਂਡ ਔਟਿਜ਼ਮ), ਚੁਣ ਰਹੇ ਹੋ ਤਾਂ ਰੋਲਿੰਗ ਸ਼ੋਰਟ ਬਰੇਕ ਦਾ ਇਸਤੇਮਾਲ ਕਰਨਾ ਪਵੇਗਾ

## *ਯੋਜਨਾਬੱਧ ਸ਼ੋਰਟ ਬਰੇਕਸ*

ਯੋਜਨਾਬੱਧ ਸ਼ੋਰਟ ਬਰੇਕਸ ਖਾਸ ਤਾਰੀਖਾਂ 'ਤੇ ਦੇਖਭਾਲ ਲਈ ਪਹਿਲਾਂ ਤੋਂ ਤੈਅ ਸਮੇਂ ਹੁੰਦੇ ਹਨ, ਜਾਂ ਤਾਂ ਕਿਸੇ ਰਿਹਾਇਸ਼ੀ ਕੇਅਰ ਹੋਮ ਵਿੱਚ ਜਾਂ ਘਰ ਵਿੱਚ-ਜੋ ਵੀ ਤੁਹਾਨੂੰ ਅਤੇ ਜਿਸ ਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਨੂੰ ਠੀਕ ਲੱਗੇ। ਇਕ ਵਾਰ ਜਦੋਂ ਤੁਹਾਨੂੰ ਤਾਰੀਖਾਂ ਦਾ ਪਤਾ ਚੱਲ ਜਾਂਦਾ ਹੈ, ਤਾਂ Lancashire County Council ਤੁਹਾਡੇ ਚੁਣੇ ਹੋਏ ਪ੍ਰਦਾਤਾ ਨਾਲ ਬੁਕਿੰਗ ਕਰਨ ਜਾਂ ਤੁਹਾਡੇ ਲਈ ਕੋਈ ਪ੍ਰਦਾਤਾ ਲੱਭਣ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ। ਇਹ ਵਿਕਲਪ ਉਦੋਂ ਕੰਮ

ਦਾ ਹੁੰਦਾ ਹੈ ਜਦੋਂ ਤੁਸੀਂ ਸ਼ੋਸ਼ਲ ਕੇਅਰ ਅਸੈਸਮੈਂਟ ਦੇ ਸਮੇਂ ਤਾਰੀਖਾਂ ਦੀ ਪੁਸ਼ਟੀ ਕਰਨ ਜਾਂ ਪ੍ਰਦਾਤਾ ਚੁਣਨ ਲਈ ਤਿਆਰ ਨਹੀਂ ਹੁੰਦੇ ਹੋ, ਪਰ ਤੁਸੀਂ ਬਾਅਦ ਵਿੱਚ ਵੇਰਵੇ ਤੈਅ ਕਰ ਸਕਦੇ ਹੋ। ਇਸ ਲਚੀਲੇਪਣ ਦਾ ਮਤਲਬ ਇਹ ਹੈ ਕਿ ਤੁਸੀਂ ਜਦੋਂ ਚਾਹੇ ਯੋਜਨਾ ਬਣਾ ਸਕਦੇ ਹੋ ਅਤੇ ਇਹ ਸੁਨਿਸ਼ਚਿਤ ਕਰ ਸਕਦੇ ਹੋ ਕਿ ਜਦੋਂ ਤੁਹਾਨੂੰ ਜ਼ਰੂਰਤ ਹੋਵੇ, ਦੇਖਭਾਲ ਉਪਲੱਬਧ ਹੋਵੇ।

## ਆਪਣੀ ਤੈਅ ਕੀਤੀ ਗਈ ਸ਼ੋਰਟ ਬਰੇਕ ਸਪੋਰਟ ਨੂੰ ਪ੍ਰਬੰਧਿਤ ਕਰਨਾ

ਸ਼ੋਰਟ ਬਰੇਕ ਕੇਅਰ ਦੀ ਤੈਅ ਰਕਮ ਦੀ ਸ਼ੋਸ਼ਲ ਕੇਅਰ ਅਸੈਸਮੈਂਟ ਦੇ ਦੌਰਾਨ ਤੁਹਾਡੇ ਤੋਂ ਅਤੇ ਜਿਸ ਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਤੋਂ ਪੁਸ਼ਟੀ ਕੀਤੀ ਜਾਵੇਗੀ। ਇਸ ਨੂੰ ਸਾਮਾਜਿਕ ਦੇਖਭਾਲ ਕਾਰਜਕਰਤਾ ਉਹਨਾਂ ਦੀ ਦੇਖਭਾਲ ਅਤੇ ਸਪੋਰਟ ਯੋਜਨਾ ਵਿੱਚ ਰਿਕਾਰਡ ਕਰੇਗਾ।

ਸਾਲ ਭਰ ਲਈ ਤੈਅ ਰਕਮ ਦਾ ਰਿਕਾਰਡ ਰੱਖਣਾ ਅਤੇ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਇਸ ਦਾ ਇਸਤੇਮਾਲ ਕਦੋਂ ਕੀਤਾ ਗਿਆ ਹੈ। ਇਸ ਨਾਲ ਇਹ ਸੁਨਿਸ਼ਚਿਤ ਕਰਨ ਵਿੱਚ ਸਹਾਇਤਾ ਮਿਲਦੀ ਹੈ ਕਿ ਸ਼ੋਰਟ ਬਰੇਕ ਕੇਅਰ ਤੈਅ ਰਕਮ ਤੋਂ ਜ਼ਿਆਦਾ ਨਾ ਹੋਵੇ।

## ਸ਼ੋਰਟ ਬਰੇਕਸ ਲਈ ਅਦਾਇਗੀ ਕਰਨਾ

ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਦਾ ਗੈਰ-ਰਿਹਾਇਸ਼ੀ ਦੇਖਭਾਲ ਸੇਵਾਵਾਂ ਲਈ ਵਿੱਤੀ ਅਸਰ ਦੇ ਅਨੁਸਾਰ ਇਕ ਵਿੱਤੀ ਮੁੱਲਾਂਕਣ ਹੋਵੇਗਾ ਤਾਂ ਜੋ ਕਿ ਇਹ ਦੇਖਿਆ ਜਾ ਸਕੇ ਕਿ ਕੀ ਉਹਨਾਂ ਨੂੰ ਆਪਣੇ ਸ਼ੋਰਟ ਬਰੇਕ ਦੇ ਖਰਚ ਵਿੱਚ ਯੋਗਦਾਨ ਦੇਣ ਦੀ ਲੋੜ ਹੈ। ਇਹ ਉਹਨਾਂ ਦੇ ਨਿੱਜੀ ਹਾਲਾਤ 'ਤੇ ਨਿਰਭਰ ਹੈ। ਜੇਕਰ ਉਹਨਾਂ ਕੋਲ £23,250 ਤੋਂ ਜ਼ਿਆਦਾ ਦੀ ਬੱਚਤ ਹੈ, ਜਾਂ ਉਹ ਵਿੱਤੀ ਮੁੱਲਾਂਕਣ ਪੂਰਾ ਨਹੀਂ ਕਰਨਾ ਚਾਹੁੰਦੇ ਹਨ, ਤਾਂ ਉਹਨਾਂ ਨੂੰ ਆਪਣੀ ਸ਼ੋਰਟ ਬਰੇਕ ਦੀ ਦੇਖਭਾਲ ਦਾ ਪੂਰਾ ਖਰਚਾ ਦੇਣਾ ਪਵੇਗਾ। ਵਿੱਤੀ ਮੁੱਲਾਂਕਣ ਤੋਂ ਬਾਅਦ, ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਨੂੰ ਉਸ ਦੀ ਸ਼ੋਰਟ ਬਰੇਕ ਲਈ ਉਹਨਾਂ ਦੇ ਮੁੱਲਾਂਕਣ ਕੀਤੇ ਗਏ ਯੋਗਦਾਨ ਬਾਰੇ ਦੱਸਿਆ ਜਾਵੇਗਾ।

ਸ਼ੋਰਟ ਬਰੇਕ ਲਈ ਅਦਾਇਗੀ ਕਰਨ ਦੇ ਕਈ ਤਰੀਕੇ ਹਨ, ਹਰ ਵਿਕਲਪ ਇਸ ਤਰਾਂ ਨਾਲ ਕੰਮ ਕਰਦਾ ਹੈ:

**ਸ਼ੋਰਟ ਬਰੇਕਸ ਲਈ ਸਿੱਧੀ ਅਦਾਇਗੀ**

Lancashire County Council ਵਿਅਕਤੀ ਦੀ ਸਿੱਧੀ ਅਦਾਇਗੀ ਕਾਰਡ ਖਾਤੇ ਵਿੱਚ ਤੈਅ ਸਾਲਾਨਾ ਸ਼ੋਰਟ ਬਰੇਕ ਦੀ ਰਕਮ ਪਾਏਗੀ। ਜਿਸ ਵਿਅਕਤੀ ਦੀ ਦੇਖਭਾਲ ਹੋ ਰਹੀ ਹੈ, ਉਸ ਨੂੰ ਆਪਣਾ ਮੁੱਲਾਂਕਣ ਕੀਤਾ ਹੋਇਆ ਯੋਗਦਾਨ ਉਸੇ ਸਿੱਧੀ ਅਦਾਇਗੀ ਕਾਰਡ ਖਾਤੇ ਵਿੱਚ ਜਮਾਂ ਕਰਨਾ ਪਵੇਗਾ।

### ਰੋਲਿੰਗ ਸ਼ੋਰਟ ਬਰੇਕਸ

ਹਰੇਕ ਸ਼ੋਰਟ ਬਰੇਕ ਤੋਂ ਬਾਅਦ, ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਨੂੰ Lancashire County Council ਤੋਂ ਇਕ ਇਨਵੁਆਇਸ ਮਿਲੇਗਾ। ਉਹਨਾਂ ਨੂੰ ਇਨਵੁਆਇਸ ਦੇ ਪਿੱਛੇ ਦਿੱਤੇ ਗਏ ਅਦਾਇਗੀ ਦੇ ਤਰੀਕਿਆਂ ਵਿੱਚੋਂ ਕਿਸੇ ਇਕ ਦਾ ਇਸਤੇਮਾਲ ਕਰ ਕੇ ਆਪਣਾ ਮੁੱਲਾਂਕਣ ਕੀਤਾ ਹੋਇਆ ਯੋਗਦਾਨ ਦੇਣਾ ਪਵੇਗਾ। ਇਨਵੁਆਇਸ ਹਰੇਕ ਚਾਰ ਹਫਤਿਆਂ ਬਾਅਦ ਜਾਰੀ ਕੀਤੇ ਜਾਂਦੇ ਹਨ ਅਤੇ ਇਸ ਵਿੱਚ ਇਕ ਹਫਤੇ ਤੋਂ ਜ਼ਿਆਦਾ ਦੇ ਸ਼ੋਰਟ ਬਰੇਕਸ ਸ਼ਾਮਲ ਹੋ ਸਕਦੇ ਹਨ। ਹਰੇਕ ਚਾਰਜ ਸਾਫ-ਸਾਫ ਦਿਖਾਇਆ ਜਾਵੇਗਾ ਤਾਂ ਜੋ ਕਿ ਤੁਸੀਂ ਠੀਕ ਤਰੀਕੇ ਨਾਲ ਦੇਖ ਸਕੋ ਕਿ ਇਹ ਕਿਸ ਨਾਲ ਜੁੜਿਆ ਹੈ।

### ਯੋਜਨਾਬੱਧ ਸ਼ੋਰਟ ਬਰੇਕਸ

ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਨੂੰ ਸਰਵਿਸ ਦਾ ਪ੍ਰਬੰਧਨ ਕਰਦੇ ਸਮੇਂ Lancashire County Council ਤੋਂ ਇਕ ਇਨਵੁਆਇਸ ਮਿਲੇਗਾ। ਇਨਵੁਆਇਸ ਹਰੇਕ ਚਾਰ ਹਫਤੇ ਵਿੱਚ ਬਣਾਏ ਜਾਂਦੇ ਹਨ ਅਤੇ ਇਸ ਵਿੱਚ ਇਕ ਹਫਤੇ ਤੋਂ ਜ਼ਿਆਦਾ ਦੀਆਂ ਸ਼ੋਰਟ ਬਰੇਕਸ ਲਈ ਯੋਗਦਾਨ ਸ਼ਾਮਲ ਹੋ ਸਕਦੇ ਹਨ। ਇਹ ਇਨਵੁਆਇਸ 'ਤੇ ਸਾਫ-ਸਾਫ ਦਿਖਾਇਆ ਜਾਵੇਗਾ ਤਾਂ ਜੋ ਕਿ ਤੁਸੀਂ ਦੇਖ ਸਕੋ ਕਿ ਹਰੇਕ ਚਾਰਜ ਕਿਸ ਨਾਲ ਜੁੜਿਆ ਹੈ।

ਉਦਾਹਰਨ ਲਈ, ਜੇਕਰ ਕੁੱਲ ਸ਼ੋਰਟ ਬਰੇਕਸ ਦਾ ਬਜਟ £1,000 ਹੈ ਅਤੇ ਮੁੱਲਾਂਕਣ ਕੀਤਾ ਗਿਆ ਯੋਗਦਾਨ £80 ਹੈ, ਤਾਂ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਹ ਸਿੱਧੀ ਅਦਾਇਗੀ ਕਾਰਡ ਖਾਤੇ ਵਿੱਚ £80 ਜਮਾਂ ਕਰਦਾ ਹੈ ਅਤੇ ਕੌਂਸਲ £920 ਜੋੜਦੀ ਹੈ। ਇਸ ਨਾਲ ਸ਼ੋਰਟ ਬਰੇਕਸ ਲਈ ਪੂਰਾ £1,000 ਦਾ ਬਜਟ ਬਣਦਾ ਹੈ।

## ਸ਼ੋਰਟ ਬਰੇਕਸ ਲਈ ਟੌਪ-ਅੱਪ ਅਦਾਇਗੀਆਂ

ਕੁਝ ਰਿਹਾਇਸ਼ੀ ਅਤੇ ਨਰਸਿੰਗ ਹੋਮ ਟੌਪ-ਅੱਪ ਫੀਸ ਚਾਰਜ ਕਰਦੇ ਹਨ। ਇਹ ਕੌਂਸਲ ਦੁਆਰਾ ਦਿੱਤੀ ਜਾਣ ਵਾਲੀ ਰਕਮ ਅਤੇ ਕੇਅਰ ਹੋਮ ਦੁਆਰਾ ਮੰਗੀ ਗਈ ਫੀਸ ਦੇ ਵਿਚਾਲੇ ਦਾ ਅੰਤਰ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਹ ਖੁਦ ਇਹ ਟੌਪ-ਅੱਪ ਨਹੀਂ ਦੇ ਸਕਦਾ। ਪਰਿਵਾਰ ਦੇ ਕਿਸੇ ਮੈਂਬਰ, ਦੋਸਤ ਜਾਂ ਕਿਸੇ ਦੂਸਰੀ ਥਰਡ ਪਾਰਟੀ ਨੂੰ ਸ਼ੋਰਟ ਬਰੇਕਸ ਦੇ ਸਮੇਂ ਲਈ ਇਹ ਵਾਧੂ ਰਕਮ ਦੇਣ ਲਈ ਸਹਿਮਤ ਹੋਣਾ ਪਵੇਗਾ ਜਿੱਥੇ ਵੀ ਇਹ ਲਾਗੂ ਹੁੰਦਾ ਹੈ।

**ਅੱਪਵਾਦ:** ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਜੇਕਰ ਉਸ ਨੂੰ ਮਾਨਸਿਕ ਸਿਹਤ ਐਕਟ 1983 ਦੇ ਤਹਿਤ ਸੈਕਸ਼ਨ 117 ਆਫਟਰਕੇਅਰ ਮਿਲ ਰਿਹਾ ਹੈ, ਤਾਂ ਉਹ ਫਰਸਟ ਪਾਰਟੀ ਅਦਾਕਰਤਾ ਦੇ ਤੌਰ 'ਤੇ ਆਪਣੀ ਟੌਪ-ਅੱਪ ਫੀਸ ਖੁਦ ਦੇ ਸਕਦੇ ਹਨ। Lancashire County Council ਤੁਹਾਨੂੰ ਸ਼ੋਰਟ ਬਰੇਕ ਦੇਖਭਾਲ ਪ੍ਰਦਾਤਾ ਲੱਭਣ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ ਅਤੇ ਤੁਹਾਨੂੰ ਇਹ ਦੱਸੇਗੀ ਕਿ ਟੌਪ-ਅੱਪ ਅਦਾਇਗੀ ਲਾਗੂ ਹੁੰਦੀ ਹੈ ਜਾਂ ਨਹੀਂ।

**ਰੋਲਿੰਗ ਸ਼ੋਰਟ ਬਰੇਕਸ-** ਥਰਡ-ਪਾਰਟੀ ਟੌਪ-ਅੱਪ ਅਦਾਇਗੀ ਸਿੱਧੀ ਕੇਅਰ ਹੋਮ ਨੂੰ ਉਹ ਵਿਅਕਤੀ ਦਿੰਦਾ ਹੈ ਜਿਸ ਨੇ ਕਿ ਟੌਪ-ਅੱਪ ਦੇਣ ਲਈ ਸਹਿਮਤੀ ਦਿੱਤੀ ਹੈ।

**ਯੋਜਨਾਬੱਧ ਸ਼ੋਰਟ ਬਰੇਕਸ-** Lancashire County Council ਇਕ ਥਰਡ-ਪਾਰਟੀ ਟੌਪ-ਅੱਪ ਐਗਰੀਮੈਂਟ ਨੂੰ ਪ੍ਰੋਸੈਸ ਕਰੇਗੀ, ਜਿਸ 'ਤੇ ਕਿ ਟੌਪ-ਅੱਪ ਦੇਣ ਵਾਲੇ ਵਿਅਕਤੀ ਦੇ ਹਸਤਾਖਰ ਹੋਣੇ ਚਾਹੀਦੇ ਹਨ। ਫਿਰ ਕੌਂਸਲ ਉਹਨਾਂ ਨੂੰ ਇਸਤੇਮਾਲ ਕੀਤੇ ਗਏ ਸ਼ੋਰਟ ਬਰੇਕਸ ਦੇ ਸਮੇਂ ਲਈ ਤੈਅ ਰਕਮ ਦਾ ਇਨਵੁਆਇਸ ਭੇਜੇਗੀ।

**ਸ਼ੋਰਟ ਬਰੇਕਸ ਲਈ ਸਿੱਧੀ ਅਦਾਇਗੀ-** ਥਰਡ-ਪਾਰਟੀ ਟੌਪ-ਅੱਪ ਅਦਾਇਗੀ ਸਿੱਧਾ ਕੇਅਰ ਹੋਮ ਨੂੰ ਉਹ ਵਿਅਕਤੀ ਦਿੰਦਾ ਹੈ ਜਿਸ ਨੇ ਕਿ ਟੌਪ-ਅੱਪ ਦੇਣ ਲਈ ਸਹਿਮਤੀ ਦਿੱਤੀ ਹੈ।

## ਸ਼ੋਰਟ ਬਰੇਕਸ ਦਾ ਇਸਤੇਮਾਲ ਕਦੋਂ ਨਹੀਂ ਕੀਤਾ ਜਾ ਸਕਦਾ

- **ਆਪਾਤਕਾਲੀਨ ਜਾਂ ਜ਼ਰੂਰੀ ਹਾਲਾਤ ਵਿੱਚ**. ਜੇਕਰ ਤੁਸੀਂ ਅਚਾਨਕ ਸਪੋਰਟ ਨਹੀਂ ਦੇ ਪਾਉਂਦੇ ਹੋ, ਤਾਂ ਇਕ ਆਕਸਮਿਕ ਯੋਜਨਾ ਹੋਣੀ ਚਾਹੀਦੀ ਹੈ, ਤਾਂ ਜੋ ਕਿ ਇਹ ਸੁਨਿਸ਼ਚਿਤ ਹੋ ਸਕੇ ਕਿ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਨੂੰ ਲਗਾਤਾਰ ਦੇਖਭਾਲ ਮਿਲਦੀ ਰਹੇ ਜੋ ਉਸ ਦੀਆਂ ਜ਼ਰੂਰਤਾਂ ਅਤੇ ਪਸੰਦ ਦੇ ਹਿਸਾਬ ਨਾਲ ਹੋਵੇ।
- **ਜਿੱਥੇ ਨਿਯਮਤ ਸਪੋਰਟ ਪਹਿਲਾਂ ਤੋਂ ਹੀ ਮੌਜੂਦ ਹੈ**. ਸ਼ੋਰਟ ਬਰੇਕਸ ਮੌਜੂਦਾ ਸਰਵਿਸ ਦੀ ਜਗਾ 'ਤੇ ਨਹੀਂ ਲੈਣੀਆਂ ਚਾਹੀਦੀਆਂ। ਉਹਨਾਂ ਦਾ ਮਕਸਦ ਚੱਲ ਰਹੀ ਸਪੋਰਟ ਨੂੰ ਪੂਰਾ ਕਰਨਾ ਅਤੇ ਪਹਿਲਾਂ ਤੋਂ ਮੌਜੂਦ ਚੀਜ਼ਾਂ ਨਾਲ ਮਿਲ ਕੇ ਕੰਮ ਕਰਨਾ ਹੈ ਤਾਂ ਜੋ ਕਿ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਹ ਆਪਣੀ ਪਸੰਦ ਦੀ ਜ਼ਿੰਦਗੀ ਜੀ ਸਕੇ।
- **ਛੁੱਟੀਆਂ ਲਈ ਫੰਡ ਜੁਟਾਉਣ ਵਾਸਤੇ**. ਸ਼ੋਰਟ ਬਰੇਕਸ ਦਾ ਇਸਤੇਮਾਲ ਤੁਹਾਡੀ ਜਾਂ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਉਸ ਦੀਆਂ ਛੁੱਟੀਆਂ ਲਈ ਅਦਾਇਗੀ ਕਰਨ ਲਈ ਨਹੀਂ ਕੀਤਾ ਜਾਣਾ ਚਾਹੀਦਾ।

ਉਹਨਾਂ ਨੂੰ ਵਿਅਕਤੀ ਦੀਆਂ ਤੈਅ ਜ਼ਰੂਰਤਾਂ ਅਤੇ ਨਤੀਜਿਆਂ ਨੂੰ ਪੂਰਾ ਕਰਨ 'ਤੇ ਫੋਕਸ ਕਰਨਾ ਚਾਹੀਦਾ ਹੈ ਜੋ ਕਿ ਉਸ ਦੀ ਭਲਾਈ ਨੂੰ ਉਤਸ਼ਾਹਿਤ ਕਰਨ ਨਾ ਕਿ ਆਰਾਮ ਜਾਂ ਮਨੋਰੰਜਨ ਦੇ ਖਰਚਿਆਂ 'ਤੇ।

- **ਜਦੋਂ ਵਿਅਕਤੀ ਨੂੰ ਪੂਰੀ NHS ਨਿਰੰਤਰ ਸਿਹਤ ਦੇਖਭਾਲ ਫੰਡਿੰਗ ਮਿਲ ਰਹੀ ਹੋਵੇ**. Lancashire County Council ਕੇਅਰ ਕਰਨ ਵਾਲਿਆਂ ਲਈ ਕੇਅਰ ਅਸੈਸਮੈਂਟ ਅਤੇ ਸਪੋਰਟ ਦੇਣ ਲਈ ਜ਼ਿੰਮੇਦਾਰ ਹੈ। ਪਰ ਜੇਕਰ ਤੁਸੀਂ ਜਿਸ ਵਿਅਕਤੀ ਦੀ ਦੇਖਭਾਲ ਕਰਦੇ ਹੋ, ਉਸ ਨੂੰ NHS ਨਿਰੰਤਰ ਸਿਹਤ ਦੇਖਭਾਲ ਫੰਡਿੰਗ ਮਿਲ ਰਹੀ ਹੈ ਅਤੇ ਉਸ ਨੂੰ ਥੋੜੇ ਸਮੇਂ ਦੀ ਬਰੇਕ ਦੀ ਜ਼ਰੂਰਤ ਹੈ, ਤਾਂ ਇਸ ਦਾ ਇੰਤਜ਼ਾਮ ਅਤੇ ਫੰਡਿੰਗ NHS ਨਿਰੰਤਰ ਸਿਹਤ ਦੇਖਭਾਲ ਨੂੰ ਕਰਨੀ ਪਵੇਗੀ।

## ਸ਼ੋਰਟ ਬਰੇਕ ਬਜਟ ਨੂੰ ਨਵਿਆਉਣਾ

ਸ਼ੋਰਟ ਬਰੇਕ ਬਜਟ 12 ਮਹੀਨਿਆਂ ਲਈ ਸੈੱਟ ਕੀਤਾ ਜਾਂਦਾ ਹੈ। ਕੋਈ ਵੀ ਇਸਤੇਮਾਲ ਨਾ ਹੋਈ ਰਕਮ ਅੱਗੇ ਨਹੀਂ ਵੱਧਦੀ ਹੈ ਅਤੇ ਸਰਪਲੱਸ ਫੰਡ ਵਾਪਸ ਲਿਆ ਜਾ ਸਕਦਾ ਹੈ। 12 ਮਹੀਨਿਆਂ ਦੀ ਮਿਆਦ ਦੇ ਅਖੀਰ ਵਿੱਚ, ਤੁਹਾਨੂੰ ਜਾਂ ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ (ਜਾਂ ਉਸ ਦੇ ਨੁਮਾਇੰਦੇ) ਨੂੰ ਨਵਿਆਉਣ ਲਈ ਬੇਨਤੀ ਕਰਨ ਲਈ ਕਸਟਮਰ ਐਕਸੈਸ ਸਰਵਿਸ ਨਾਲ **0300 123 6720**'ਤੇ ਸੰਪਰਕ ਕਰਨਾ ਚਾਹੀਦਾ ਹੈ। ਜੇਕਰ ਵਿਅਕਤੀ ਦੀਆਂ ਜ਼ਰੂਰਤਾਂ ਬਦਲ ਗਈਆਂ ਹਨ ਜਾਂ ਫਿਰ ਤੁਸੀਂ ਕਿਸੇ ਅਲੱਗ ਤਰਾਂ ਦੀ ਸ਼ੋਰਟ ਬਰੇਕ (ਜਿਵੇਂਕਿ ਰੋਲਿੰਗ ਸ਼ੋਰਟ ਬਰੇਕਸ) 'ਤੇ ਜਾਣਾ ਚਾਹੁੰਦੇ ਹੋ, ਤਾਂ ਕਸਟਮਰ ਐਕਸੈਸ ਤੁਹਾਡੀ ਸਪੋਰਟ ਦੀ ਸਮੀਖਿਆ ਅਤੇ ਅੱਪਡੇਟ ਕਰਨ ਲਈ ਸਹੀ ਟੀਮ ਨਾਲ ਕੁਨੈਕਟ ਕਰੇਗਾ।

## ਕੇਅਰ ਕਰਨ ਵਾਲਿਆਂ ਲਈ ਵਾਧੂ ਸਪੋਰਟ

ਕੇਅਰ ਕਰਨ ਵਾਲਿਆਂ ਨੂੰ ਕੇਅਰਰਜ਼ ਅਸੈਸਮੈਂਟ ਦਾ ਹੱਕ Lancashire Carers Service, Lancashire County Council ਵੱਲੋਂ ਕੇਅਰ ਕਰਨ ਵਾਲਿਆਂ ਨੂੰ ਤੁਹਾਡੀ ਜ਼ਰੂਰੀ ਭੂਮਿਕਾ ਵਿੱਚ ਸਹਾਇਤਾ ਕਰਨ ਲਈ ਜ਼ਰੂਰੀ ਸਪੋਰਟ ਦਿੰਦੀ ਹੈ।

ਇਹ ਉਪਲੱਬਧ ਕਰਾਉਂਦੀ ਹੈ:

- 24 ਘੰਟੇ ਕੇਅਰਰਜ਼ ਐਡਵਾਈਸ ਚੈਟਲਾਈਨ ਦਾ ਐਕਸੈਸ।
- ਦੇਖਭਾਲ ਕਰਨ ਵਾਲਿਆਂ ਨੂੰ ਐਮਰਜੈਂਸੀ ਵਿੱਚ ਯੋਜਨਾ ਬਨਾਉਣ ਵਿੱਚ ਸਹਾਇਤਾ ਦੇਣੀ ਤਾਂ ਜੋ ਕਿ ਉਹ ਉਹਨਾਂ ਹਾਲਾਤ ਲਈ ਤਿਆਰ ਹੋ ਸਕਣ ਜਿੱਥੇ ਉਹ ਆਪਣੀ ਭੂਮਿਕਾ ਨਹੀਂ ਨਿਭਾ ਪਾਉਂਦੇ।
- ਇਕ ਵਲੰਟੀਅਰ ਜੋ ਕਿ ਤੁਹਾਨੂੰ ਕੰਪਨੀ ਲੱਭਣ ਅਤੇ ਬਰੇਕ ਲੈਣ ਵਿੱਚ ਸਹਾਇਤਾ ਕਰਨ ਲਈ ਦੋਸਤੀ ਕਰਦਾ ਹੈ ਅਤੇ ਸਰਵਿਸ ਦਿੰਦਾ ਹੈ।

- ਡਿਜੀਟਲ ਜਾਣਕਾਰੀ ਦੇ ਬਹੁਤ ਸਾਰੇ ਸਰੋਤ ਅਤੇ ਹੋਰ ਵੀ ਬਹੁਤ ਕੁਝ।

**Lancashire Carers Service ਬਾਰੇ ਹੋਰ ਜਾਣਕਾਰੀ ਪਾਓ**

ਉਪਲੱਬਧ ਸਪੋਰਟ ਬਾਰੇ ਜਾਣਨ ਲਈ:

**ਪੂਰਬੀ Lancashire**

🖂 **ਈਮੇਲ:**info@carerslinklancashire.co.uk

✆ **ਕਾਲ:** 0345 688 7113

**ਕੇਂਦਰੀ ਅਤੇ ਉੱਤਰੀ Lancashire**

🖳 **ਔਨਲਾਈਨ:** ਉਹਨਾਂ ਦੀ ਵੈਬਸਾਈਟ 'ਤੇ ਔਨਲਾਈਨ ਸੰਪਰਕ ਕਰੋ ਫਾਰਮ ਭਰੋ

✆ **ਕਾਲ:** 03450 138 208

💡 ਤੁਸੀਂ Carers Count Lancashire ਤੋਂ ਮੁਫਤ ਸਪੋਰਟ ਵੀ ਹਾਸਲ ਕਰ ਸਕਦੇ ਹੋ